| OFFICE OF THE DIRECTOR GENERAL OF POLICE PUNJAB, CHANDIGARH. | ਪ੍ਰਸ਼ਾਸਨ ਵਿੰਗ<br>(ਅਮਲਾ-1 ਸ਼ਾਖਾ) | ਦਫਤਰ, ਡਾਇਰੈਕਟਰ ਜਨਰਲ ਪੁਲਿਸ , ਪੰਜਾਬ, ਚੰਡੀਗੜ੍ਹ । |
|---|---|---|

ਵੱਲ

ਪੰਜਾਬ ਪੁਲਿਸ ਦੇ ਸਮੂਹ ਦਫਤਰਾਂ ਦੇ ਮੁੱਖੀ।

ਯਾਦ ਪੱਤਰ ਨੰ: 15667-766/ਈ-1 (1)
ਮਿਤੀ, ਚੰਡੀਗੜ੍ਹ : 21/12/18

ਵਿਸ਼ਾ :- **ਵੰਡ ਕਰਨ ਉਪਰੰਤ ਮਿਤੀ 20.02.08 ਨੂੰ ਜਿਲਾ ਕੇਡਰ ਦੇ ਸਰਵਿੰਗ ਇੰਸਪੈਕਟਰ ਅਤੇ ਜਿਲਾ ਕੇਡਰ ਵਿੱਚ ਮਿਤੀ 20.02.2008 ਤੋਂ ਬਾਅਦ ਮਿਤੀ 28.01.2018 ਤੱਕ ਤਰੱਕੀਯਾਬ ਹੋਏ ਇੰਸਪੈਕਟਰਾਂ ਦੀ ਲੜੀਵਾਰ ਨੰਬਰ ਦੇ ਕੇ ਇੱਕਠੀ ਸੀਨੀਅਰਤਾ ਜਾਰੀ ਕਰਨ ਸਬੰਧੀ।**

ਹਵਾਲਾ ਇਸ ਦਫਤਰ ਦੇ ਪੱਤਰ ਨੰ: 1187-1286/ਈ-1(1) ਮਿਤੀ 22.01.2018, 10697-813/ਈ-1(1) ਮਿਤੀ 28.08.2018 ਅਤੇ ਪੱਤਰ ਨੰ: 13276-376/ਈ-1(1) ਮਿਤੀ 09.10.2018, ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ।

2. ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਹੁਕਮਾਂ ਅਨੁਸਾਰ ਇਸ ਦਫਤਰ ਦੇ ਪੱਤਰ ਨੰ: 1187-1286/ਈ-1(1) ਮਿਤੀ 22.01.2018 ਰਾਹੀਂ ਜਿਲਾ ਕੇਡਰ ਅਤੇ ਆਰਮਡ ਕੇਡਰ ਦੇ ਮਿਤੀ 20.2.2008 ਤੱਕ ਦੇ ਇੰਸਪੈਕਟਰਾਂ ਦੀ ਸਾਂਝੀ ਫਾਈਨਲ ਸੀਨੀਅਰਤਾ ਸੂਚੀ ਜਾਰੀ ਕੀਤੀ ਗਈ ਸੀ। ਪੰਜਾਬ ਪੁਲਿਸ ਐਕਟ, 2007 ਹੋਂਦ ਵਿੱਚ ਆਉਣ ਉਪਰੰਤ ਇਸ ਦਫਤਰ ਦੇ ਪੱਤਰ ਨੰ: 10697-813/ਈ-1(1) ਮਿਤੀ 28.08.2018 ਰਾਹੀਂ ਜਿਲ੍ਹਾ ਕੇਡਰ ਦੇ 506 ਸਰਵਿੰਗ ਇੰਸਪੈਕਟਰ ਅਤੇ ਆਰਮਡ ਕੇਡਰ ਦੇ 281 ਸਰਵਿੰਗ ਇੰਸਪੈਕਟਰਾਂ ਦੀ ਵੱਖਰੀ-ਵੱਖਰੀ ਸੀਨੀਅਰਤਾ ਸੂਚੀਆਂ ਜਾਰੀਆਂ ਕੀਤੀਆਂ ਗਈਆਂ ਸਨ। ਮਿਤੀ 20.02.2008 ਤੋਂ ਮਿਤੀ 28.01.2015 ਤੱਕ ਜਿਹੜੇ ਇੰਸਪੈਕਟਰ ਜਿਲਾ ਕੇਡਰ ਵਿੱਚ ਤਰੱਕੀਯਾਬ ਕੀਤੇ ਗਏ ਸਨ, ਉਹਨਾਂ ਦੀ ਫਾਈਨਲ ਸੀਨੀਅਰਤਾ ਸੂਚੀ ਇਸ ਦਫਤਰ ਦੇ ਪੱਤਰ ਨੰ: 13276-376/ਈ-1(1) ਮਿਤੀ 09.10.2018 ਰਾਹੀਂ ਜਾਰੀ ਕੀਤੀ ਗਈ ਸੀ, ਜਿਸ ਵਿੱਚ ਇਹਨਾਂ ਦਾ ਸੀਨੀਅਰਤਾ ਨੰਬਰ ਲੜੀ ਨੰ: 1 ਤੋਂ ਅੱਗੇ ਸੁਰੂ ਕਰ ਦਿੱਤਾ ਗਿਆ ਸੀ।

3. ਭਵਿੱਖ ਵਿੱਚ ਕਿਸੇ ਕਿਸਮ ਦੀ ਅੜਚਨ ਨੂੰ ਧਿਆਨ ਵਿੱਚ ਰੱਖਦੇ ਹੋਏ ਇਹ ਫੈਸਲਾ ਲਿਆ ਗਿਆ ਹੈ ਕਿ ਜਿਹੜੇ ਇੰਸਪੈਕਟਰ ਜਿਲਾ ਕੇਡਰ ਮਿਤੀ 20.02.2008 ਨੂੰ ਸਰਵਿੰਗ ਸਨ ਅਤੇ ਆਰਮਡ ਕੇਡਰ ਦੇ ਜਿਹੜੇ ਇੰਸਪੈਕਟਰ ਮਿਤੀ 20.02.08 ਨੂੰ ਸਰਵਿੰਗ ਸਨ ਅਤੇ ਮਿਤੀ 20.02.2008 ਤੋਂ ਬਾਅਦ ਜਿਲਾ ਕੇਡਰ ਅਤੇ ਆਰਮਡ ਕੇਡਰ ਵਿੱਚ ਤਰੱਕੀਯਾਬ ਹੋਏ ਹਨ, ਦੀ ਇੱਕ ਵੱਖਰੇ ਵੱਖਰੇ ਕੇਡਰ ਵਿੱਚ ਇੱਕ ਹੀ ਸੀਨੀਅਰਤਾ ਸੂਚੀ ਜਾਰੀ ਕੀਤੀ ਜਾਣੀ ਚਾਹੀਦੀ ਹੈ।

4. ਇਸ ਲਈ ਇਸ ਦਫਤਰ ਦੇ ਪੱਤਰ ਨੰ: 10697-813/ਈ-1(1) ਮਿਤੀ 28.08.2018 ਰਾਹੀਂ ਜਿਲਾ ਕੇਡਰ ਦੇ ਸਰਵਿੰਗ ਇੰਸਪੈਕਟਰ ਅਤੇ ਮਿਤੀ 20.02.2008 ਤੋਂ ਬਾਅਦ ਜਿਲਾ ਕੇਡਰ ਵਿੱਚ ਤਰੱਕੀਯਾਬ

ਹੋਏ ਇੰਸਪੈਕਟਰਾਂ ਦੀ ਇਸ ਦਫਤਰ ਦੇ ਪੱਤਰ ਨੰ: 13276-376/ਈ-1(1) ਮਿਤੀ 09.10.2018 ਰਾਹੀਂ ਜਾਰੀ ਕੀਤੀਆਂ ਗਈਆਂ ਸੀਨੀਅਰਤਾ ਸੂਚੀਆਂ ਨੂੰ ਇੱਕਠੇ ਕਰਕੇ ਕੁੱਲ 1331 ਇੰਸਪੈਕਟਰਾਂ ਦੀ ਲੜੀ ਵਾਰ ਸੀਨੀਆਰਤਾ ਨੰਬਰ ਦੇ ਕੇ ਤਿਆਰ ਕੀਤੀ ਗਈ ਹੈ, ਜੋ ਪੰਜਾਬ ਪੁਲਿਸ ਵੈਬਸਾਈਟ www.punjabpolice.gov.in ਤੇ ਅਪਲੋਡ ਕਰ ਦਿੱਤੀ ਗਈ ਹੈ। ਇਸ ਸੀਨੀਅਰਤਾ ਸੂਚੀ ਵਿੱਚ ਕਿਸੇ ਵੀ ਕਰਮਚਾਰੀ ਦੀ ਸੀਨੀਅਰਤਾ ਅਤੇ ਐਫ ਲਿਸਟ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਹੈ। ਭਵਿੱਖ ਵਿੱਚ ਇਹਨਾਂ ਦਾ ਸੀਨੀਅਰਤਾ ਨੰਬਰ ਇਸ ਜਾਰੀ ਕੀਤੀ ਸੀਨੀਅਰਤਾ ਅਨੁਸਾਰ ਹੀ ਮੰਨਿਆ ਜਾਵੇ।

ਸੁਪਰਡੰਟ/ਅਮਲਾ-1,
ਵਾ:ਡਾਇਰੈਕਟਰ ਜਨਰਲ ਪੁਲਿਸ, ਪੰਜਾਬ।

ਨੰਬਰ: /ਈ-1(1), ਮਿਤੀ :

ਉਪਰੋਕਤ ਦਾ ਉਤਾਰਾ ਏ.ਡੀ.ਜੀ.ਪੀ/ਆਰਮਡ ਬਨਜ:, ਜਲੰਧਰ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਸ ਦਫਤਰ ਦੇ ਪੱਤਰ ਨੰ: 10697-813/ਈ-1(1) ਮਿਤੀ 28.08.2018 ਰਾਹੀਂ ਆਰਮਡ ਕੇਡਰ ਦੇ ਸਰਵਿੰਗ ਇੰਸਪੈਕਟਰਾਂ ਅਤੇ ਆਪ ਦੇ ਦਫਤਰ ਵਲੋਂ ਪੱਤਰ ਨੰ: 22632-731/ਈ-1(1) ਮਿਤੀ 16.10.2018 ਰਾਹੀਂ ਮਿਤੀ 20.02.2008 ਤੋਂ ਬਾਅਦ ਦੇ ਇੰਸਪੈਕਟਰਾਂ ਦੀ ਸੀਨੀਅਰਤਾ ਸੂਚੀ ਨੂੰ ਇੱਕਠੇ ਕਰਕੇ ਲੜੀ ਵਾਰ ਸੀਨੀਆਰਤਾ ਨੰਬਰ ਦੇ ਕੇ ਤਿਆਰ ਕਰਕੇ ਵੈਬਸਾਈਟ ਤੇ ਅਪਲੋਡ ਕੀਤਾ ਜਾਵੇ ਜੀ।

ਸੁਪਰਡੰਟ/ਅਮਲਾ-1,
ਵਾ:ਡਾਇਰੈਕਟਰ ਜਨਰਲ ਪੁਲਿਸ, ਪੰਜਾਬ।

ਨੰਬਰ: /ਈ-1(1), ਮਿਤੀ :

ਉਪਰੋਕਤ ਦਾ ਉਤਾਰਾ ਸਮੇਤ 1331 ਕਰਮਚਾਰੀਆਂ ਦੀ ਸੂਚੀ, ਇੰਚਾਰਜ, ਪੰਜਾਬ ਪੁਲਿਸ ਵੈਬਸਾਈਟ ਨੂੰ ਪੰਜਾਬ ਪੁਲਿਸ ਵੈਬਸਾਈਟ ਤੇ ਅਪਲੋਡ ਕਰਨ ਲਈ ਭੇਜੀ ਜਾਂਦੀ ਹੈ।

ਸੁਪਰਡੰਟ/ਅਮਲਾ-1,
ਵਾ:ਡਾਇਰੈਕਟਰ ਜਨਰਲ ਪੁਲਿਸ, ਪੰਜਾਬ।

ਨੰਬਰ: /ਈ-1(1), ਮਿਤੀ : 28.08.2018

ਉਪਰੋਕਤ ਦਾ ਉਤਾਰਾ ਸੁਪਰਡੰਟ/ਗੁਪਤ ਸਾਖਾ-2, ਸੀ.ਪੀ.ਓ ਪੰਜਾਬ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੰਟ/ਅਮਲਾ-1,
ਵਾ:ਡਾਇਰੈਕਟਰ ਜਨਰਲ ਪੁਲਿਸ, ਪੰਜਾਬ।